# District Legal Services Authority, Ferozepur

Judicial Court Complex, Ferozepur

Phone no. 01632-235034

Email: dlsa.frz@punjab.gov.in


## Public Notice

Applications are invited from the eligible candidates for the Thirteen Para Legal Volunteers for the office of District Legal Services Authority, Ferozepur. For detailed Information, please visit District Courts website https://ferozepur.dcourts.gov.in/. Last date for submission of application, i.e. 17.11.2025 upto 05:00 PM.

Dated:- 12.11.2025

Sd/-
Chief Judicial Magistrate,
-cum- Secretary,
District Legal Service Authority
Ferozepur

Scanned with OKEN Scanner

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ

ਜੁਡੀਸ਼ੀਅਲ ਕੋਰਟ ਕੰਪਲੈਕਸ, ਫਿਰੋਜ਼ਪਰ।

ਫੋਨ ਨੰ. 01632-235034

ਈਮੇਲ: dlsa.frz@punjab.gov.in

## ਜਨਤਕ ਸੂਚਨਾ

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜਪੁਰ ਦੇ ਦਫਤਰ ਲਈ **13** ਪੈਰਾ ਲੀਗਲ ਵਲੰਟੀਅਰਜ਼ ਦੀਆਂ ਆਸਾਮੀਆਂ ਯੋਗ ਉਮੀਦਵਾਰਾਂ ਤੋਂ ਬਿਨੈ-ਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ। ਵਿਸਥਾਰਿਤ ਜਾਣਕਾਰੀ ਲਈ ਉਮੀਦਵਾਰਾਂ ਨੂੰ ਵਿਭਾਗ ਦੀ ਵੈੱਬਸਾਈਟ https://ferozepur.dcourts.gov.in/ ਚੈੱਕ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ।

ਬਿਨੈ-ਪੱਤਰ ਪੇਸ਼ ਕਰਨ ਲਈ ਅੰਤਿਮ ਮਿਤੀ 17.11.2025 ਸ਼ਾਮ 05:00 ਵਜੇ ਤੱਕ ਹੈ।

Dated:-12.11.2025

ਸਹੀ/-
ਚੀਫ ਜੁਡੀਸ਼ੀਅਲ ਮੈਜਿਸਟ੍ਰੇਟ
ਸਹਿਤ ਸਕੱਤਰ
ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ
ਫਿਰੋਜ਼ਪੁਰ।

Scanned with OKEN Scanner

# ਦਫ਼ਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ

## ਨੋਟਿਸ

ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ (ਲੀਗਲ ਏਡ ਕਲੀਨਿਕ) ਰੈਗੂਲੇਸ਼ਨਜ਼-2011 ਦੇ ਤਹਿਤ ਫਿਰੋਜ਼ਪੁਰ ਵਿਖੇ ਪੈਰਾ ਲੀਗਲ ਵਲੰਟੀਅਰਜ਼ ਦੀ ਨਿਯੁਕਤੀ ਕੀਤੀ ਜਾਣੀ ਹੈ। ਇਸ ਸਬੰਧ ਵਿੱਚ ਯੋਗ ਉਮੀਦਵਾਰਾਂ ਤੋਂ ਸਾਦੇ ਕਾਗਜ਼/ਦਿੱਤੇ ਗਏ ਪ੍ਰੋਫਾਰਮੇ ਉੱਪਰ ਅਰਜ਼ੀਆਂ ਦੀ ਮੰਗ ਮਿਤੀ 17.11.2025 ਤੱਕ ਕੀਤੀ ਜਾਂਦੀ ਹੈ । ਯੋਗ ਉਮੀਦਵਾਰ ਆਪਣੀਆਂ ਅਰਜੀਆਂ ਨਿਮਨਹਸਤਾਖਰ ਦੇ ਦਫ਼ਤਰ ਵਿਖੇ ਮਿਤੀ 17.11.2025 ਨੂੰ ਸ਼ਾਮ 5 ਵਜੇ ਤੱਕ ਜਮ੍ਹਾਂ ਕਰਵਾ ਸਕਦੇ ਹਨ ।

**ਘੱਟੋਂ ਘੱਟ ਵਿੱਦਿਅਕ ਯੋਗਤਾ ਹੋਵੇ।** :- ਮੈਟ੍ਰਿਕ ਅਤੇ ਪੰਜਾਬੀ ਭਾਸ਼ਾ ਦੀ ਜਾਣਕਾਰੀ ਮੈਟ੍ਰਿਕ ਤੱਕ

**ਅਰਜ਼ੀ ਦੇਣ ਦੀ ਆਖਰੀ ਮਿਤੀ** :- 17.11.2025 (ਦਫ਼ਤਰੀ ਸਮੇਂ 05:00 ਵਜੇ ਤੱਕ)

**ਸਥਾਨ** :- ਏ. ਡੀ. ਆਰ. ਸੈਂਟਰ, ਨੇੜੇ ਕੋਰਟ ਕੰਪਲੈਕਸ, ਫਿਰੋਜ਼ਪੁਰ।

**ਭੱਤਾ** :- ਇੱਥੇ ਇਹ ਦੱਸਣਯੋਗ ਹੈ ਕਿ ਪੈਰਾ ਲੀਗਲ ਵਲੰਟੀਅਰਜ਼ ਨੂੰ ਕੋਈ ਪੱਕੀ ਤਨਖਾਹ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਨੂੰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਵੱਲੋਂ 800/- ਰੁਪਏ ਪ੍ਰਤੀ ਦਿਨ ਡਿਊਟੀ ਦੌਰਾਨ ਕਾਰਗੁਜ਼ਾਰੀ ਦੇ ਹਿਸਾਬ ਨਾਲ ਮਾਣਭੱਤਾ ਦਿੱਤਾ ਜਾਵੇਗਾ।

**ਪੈਰਾ ਲੀਗਲ ਵਲੰਟੀਅਰਜ਼ ਦੇ ਕੰਮ** :- ਕਾਨੂੰਨੀ ਜਾਗਰੂਕਤਾ ਫੈਲਾਉਣਾ, ਸਮਾਜ ਵਿਚ ਹੋ ਰਹੀਂ ਕਿਸੇ ਵੀ (ਸੰਖੇਪ ਵਿੱਚ) ਵਧੀਕੀ ਦੀ ਰਿਪੋਰਟ ਕਰਨਾ; ਮੁਫ਼ਤ ਕਾਨੂੰਨੀ ਸਹਾਇਤਾ ਦਿਵਾਉਣਾ; ਲੋੜਵੰਦ ਵਿਅਕਤੀਆਂ ਦੀ ਮਦਦ ਕਰਨਾ; ਜਨ ਸਾਧਾਰਨ ਨੂੰ ਲੋਕ ਅਦਾਲਤਾਂ, ਮਿਡੀਏਸ਼ਨ ਸੈਂਟਰ ਅਤੇ ਸਥਾਈ ਲੋਕ ਅਦਾਲਤ ਦੀ ਜਾਣਕਾਰੀ ਦੇਣਾ; ਲੀਗਲ ਏਡ ਕਲੀਨਿਕ ਚਲਾਉਣਾ ਅਤੇ ਫਰੰਟ ਆਫ਼ਿਸ ਦੀ ਡਿਊਟੀ ਨਿਭਾਉਣਾ ਆਦਿ।

**ਗਰੁੱਪ/ਵਿਅਕਤੀ ਜਿਨ੍ਹਾਂ ਵਿਚੋਂ ਪੈਰਾ ਲੀਗਲ ਵਲੰਟੀਅਰਜ਼ ਚੁਣੇ ਜਾਣਗੇ:**

1) ਅਧਿਆਪਕ (ਸਮੇਤ ਰਿਟਾਇਰਡ ਅਧਿਆਪਕ)
2) ਰਿਟਾਇਰਡ ਸਰਕਾਰੀ ਮੁਲਾਜ਼ਮ ਅਤੇ ਸੀਨੀਅਰ ਸਿਟੀਜਨ
3) ਐੱਮ.ਐੱਸ.ਡਬਲਿਊ ਦੇ ਵਿਦਿਆਰਥੀ ਅਤੇ ਅਧਿਆਪਕ
4) ਆਂਗਣਵਾੜੀ ਵਰਕਰਜ਼
5) ਡਾਕਟਰ/ਫੀਸੀਜੀਅਨਜ਼
6) ਗੈਰ-ਸਿਆਸੀ ਵਿਅਕਤੀ, ਐਨ.ਜੀ.ਓ. ਅਤੇ ਕਲੱਬ
7) ਔਰਤਾਂ ਦੇ ਸਵੈ-ਹੈਲਪ ਗਰੁੱਪ ਅਤੇ ਹੋਰ ਸ੍ਰੇਣੀਆਂ ਨਾਲ ਸਬੰਧਤ ਸਵੈ-ਹੈਲਪ ਗਰੁੱਪ
8) ਪੜ੍ਹੇ-ਲਿਖੇ ਕੈਦੀ (ਚੰਗੇ ਆਚਰਣ ਵਾਲੇ) ਜੋ ਕਿ ਲੰਬੇ ਸਮੇਂ ਤੋਂ ਸਜਾ ਭੁਗਤ ਰਹੇ ਹਨ

Scanned with OKEN Scanner

9) ਕੋਈ ਵੀ ਅਜਿਹਾ ਵਿਅਕਤੀ ਜੋ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਅਤੇ ਸਬ ਡਵੀਜਨ ਲੀਗਲ ਸਰਵਿਸਜ਼ ਅਥਾਰਟੀ ਵੱਲੋਂ ਯੋਗ ਪਾਇਆ ਜਾਵੇਗਾ/ਜਾਵੇਗੀ।

(ਅਨੁਰਾਧਾ)
ਸਿਵਲ ਜੱਜ (ਸੀ.ਡ.)/ ਸੀ.ਜੇ.ਐੱਮ.
-ਸਾਹਿਤ
ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ
ਅਥਾਰਟੀ,
ਫਿਰੋਜ਼ਪੁਰ।

ਪਿੱਠ ਅੰਕਣ ਨੰਬਰ 8474 ਮਿਤੀ 13/11/2025

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1) ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ -ਸਾਹਿਤ- ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਜੀਆਂ ਨੂੰ ਸੂਚਨਾ ਹਿੱਤ।
2) ਫਿਰੋਜ਼ਪੁਰ, ਜੀਰਾ ਅਤੇ ਗੁਰੂਹਰਸਹਾਏ ਦੇ ਸਾਰੇ ਮਾਨਯੋਗ ਜੁਡੀਸ਼ੀਅਲ ਅਫ਼ਸਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਕੋਰਟ ਦੇ ਨੋਟਿਸ ਬੋਰਡ ਤੇ ਉਪਰੋਕਤ ਪੀ.ਐਲ.ਵੀ. ਦੀ ਭਰਤੀ ਦੇ ਇਸ਼ਤਿਹਾਰ ਨੂੰ ਲਗਾਇਆ ਜਾਵੇ।
3) ਪ੍ਰਧਾਨ, ਬਾਰ ਐਸੋਸੀਏਸ਼ਨ, ਫਿਰੋਜ਼ਪੁਰ ਨੂੰ ਸੂਚਨਾ ਹਿੱਤ।
4) ਸੁਪਰਡੈਂਟ, ਕੇਂਦਰੀ ਜੇਲ੍ਹ, ਫਿਰੋਜ਼ਪੁਰ ਨੂੰ ਸੂਚਨਾ ਹਿੱਤ।
5) ਡੀ.ਡੀ.ਪੀ.ਓ, ਫਿਰੋਜ਼ਪੁਰ (ਜ਼ਿਲ੍ਹੇ ਦੀਆਂ ਪੰਚਾਇਤਾਂ ਨੂੰ ਸੂਚਿਤ ਕਰਨ ਬਾਰੇ)।
6) ਸਿਸਟਮ ਅਫ਼ਸਰ, ਫਿਰੋਜ਼ਪੁਰ ਨੂੰ ਹਦਾਇਤ ਹੈ ਕਿ ਉਪਰੋਕਤ ਇਸ਼ਤਿਹਾਰ ਨੂੰ ਕੋਰਟ ਦੀ ਵੈਬਸਾਈਟ ਤੇ ਅੱਪਲੋਡ ਕੀਤਾ ਜਾਵੇ।

(ਅਨੁਰਾਧਾ)
ਸਿਵਲ ਜੱਜ (ਸੀ.ਡ.)/ ਸੀ.ਜੇ.ਐੱਮ.
-ਸਾਹਿਤ
ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ
ਅਥਾਰਟੀ,
ਫਿਰੋਜ਼ਪੁਰ।

Scanned with OKEN Scanner

# ਪੈਰਾ ਲੀਗਲ ਵਲੰਟੀਅਰਜ਼ ਦਾ ਪ੍ਰੋਫਾਰਮਾ

Affix 2 latest passport size photographs

1. ਨਾਮ :
2. ਪਿਤਾ/ਪਤੀ ਦਾ ਨਾਮ :
3. ਜਨਮ ਦੀ ਮਿਤੀ (dd/mm/yyyy) :
4. ਪੱਕਾ ਪੂਰਾ ਪਤਾ :
5. ਵਿੱਦਿਅਕ ਯੋਗਤਾ :
6. ਕੈਟਾਗਿਰੀ (SC/BC/General) :
7. ਫੋਨ/ਮਬਾਇਲ ਨੰਬਰ :
8. Whatsapp Mobile ਨੰਬਰ :
9. ਈ-ਮੇਲ ID :
10. ਆਧਾਰ ਕਾਰਡ ਨੰਬਰ :
11. **ਹੇਠ ਦਰਸਾਏ ਗਏ ਵਿਚੋਂ ਆਪ ਕਿਸ ਕਿੱਤੇ ਨਾਲ ਸਬੰਧ ਰੱਖਦੇ ਹੋ?**

- ਅਧਿਆਪਕ (ਸਮੇਤ ਰਿਟਾਇਰਡ ਅਧਿਆਪਕ)
- ਰਿਟਾਇਰਡ ਸਰਕਾਰੀ ਮੁਲਾਜ਼ਮ ਅਤੇ ਸੀਨੀਅਰ ਸਿਟੀਜਨ
- ਐੱਮ.ਐੱਸ. ਡਬਲਿਊ ਦੇ ਵਿਦਿਆਰਥੀ ਅਤੇ ਅਧਿਆਪਕ
- ਆਂਗਣਵਾੜੀ ਵਰਕਰਜ਼
- ਡਾਕਟਰ/ਫੀਸੀਜੀਅਨਜ਼
- ਗੈਰ-ਸਿਆਸੀ ਵਿਅਕਤੀ, ਐਨ.ਜੀ.ਓ. ਅਤੇ ਕਲੱਬ
- ਔਰਤਾਂ ਦੇ ਸਵੈ-ਹੈਲਪ ਗਰੁੱਪ ਅਤੇ ਹੋਰ ਸ੍ਰੇਣੀਆਂ ਨਾਲ ਸਬੰਧਤ ਸਵੈ-ਹੈਲਪ ਗਰੁੱਪ
- ਪੜ੍ਹੇ-ਲਿਖੇ ਕੈਦੀ (ਚੰਗੇ ਆਚਰਣ ਵਾਲੇ) ਜੋ ਕਿ ਲੰਬੇ ਸਮੇਂ ਤੋਂ ਸਜਾ ਭੁਗਤ ਰਹੇ ਹਨ
- ਕੋਈ ਵੀ ਅਜਿਹਾ ਵਿਅਕਤੀ ਜੋ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਸਬ ਡਵੀਜਨ ਲੀਗਲ ਸਰਵਿਸਜ਼ ਕਮੇਟੀ ਵੱਲੋਂ ਯੋਗ ਪਾਇਆ ਜਾਵੇਗਾ/ਜਾਵੇਗੀ।

11\. ਨੱਥੀ ਦਸਤਾਵੇਜ਼ : 1.

2.

3.

4.

ਪ੍ਰਾਰਥੀ/ਪ੍ਰਾਰਥਣ ਦਾ ਨਾਮ ਅਤੇ ਹਸਤਾਖਰ

ਮਿਤੀ: ...............2025

Scanned with OKEN Scanner

# ਬਿਆਨ ਹਲਫੀਆ

ਮੈਂ................................ ...ਪੁੱਤਰ/ਪੁੱਤਰੀ/ਪਤਨੀ ਸ੍ਰੀ............................,

ਵਾਸੀ ............................................................ ਦਾ/ਦੀ ਰਹਿਣ ਵਾਲਾ/ਵਾਲੀ ਹਾਂ

ਅਤੇ ਹੇਠ ਲਿਖਿਆ ਹਲਫੀਆ ਬਿਆਨ ਕਰਦਾ/ਕਰਦੀ ਹਾਂ:

1) ਇਹ ਕਿ ਮੈਂ ................................................................ ਪਤੇ ਦਾ ਪੱਕਾ ਵਸਨੀਕ ਹਾਂ।
2) ਇਹ ਕਿ ਮੈਂ ............................ ਕਲਾਸ ਪਾਸ ਹਾਂ।
3) ਇਹ ਕਿ ਇਸ ਪ੍ਰੋਫਾਰਮੇ ਨਾਲ ਨੱਥੀ ਸਰਟੀਫਿਕੇਟ ਮੇਰੇ ਹਨ।
4) ਇਹ ਕਿ ਮੈਂ ................................ ਜਾਤੀ ਨਾਲ ਸਬੰਧ ਰੱਖਦਾ/ਰੱਖਦੀ ਹਾਂ।
5) ਇਹ ਕਿ ਮੈਂ ਸਮਾਜ ਸੇਵਾ ਕਰਨਾ ਚਾਹੁੰਦਾ/ਚਾਹੁੰਦੀ ਹਾਂ ਅਤੇ ਪੈਰਾ ਲੀਗਲ ਵਲੰਟੀਅਰ ਬਣਨਾ ਚਾਹੁੰਦਾ/ਚਾਹੁੰਦੀ ਹਾਂ।
6) ਇਹ ਕਿ ਮੇਰੇ ਖਿਲਾਫ਼ ਕਿਸੇ ਵੀ ਅਦਾਲਤ ਵਿਚ ਕਿਸੇ ਕਿਸਮ ਦਾ ਕੇਸ ਜਾਂ ਮੁਕੱਦਮਾ ਨਹੀਂ ਚੱਲਦਾ ਹੈ।
7) ਇਹ ਕਿ ਮੇਰਾ ਕਿਸੇ ਵੀ ਰਾਜਨੀਤਿਕ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ।
8) ਇਹ ਕਿ ਮੈਂ ਬਣਦੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਕਰਾਂਗਾ/ਕਰਾਂਗੀ।

ਬਿਆਨਕਰਤਾ

ਤਸਦੀਕ:

ਤਸਦੀਕ ਕੀਤਾ ਜਾਂਦਾ ਹੈ ਕਿ ਮੇਰਾ ਉਪਰੋਕਤ ਬਿਆਨ ਹਲਫੀਆ ਸਹੀ ਵਾ ਦਰੁਸਤ ਹੈ ਇਸ ਦੇ ਵਿਚ ਕੁਝ ਛੁਪਾ ਕੇ ਨਹੀਂ ਰੱਖਿਆ ਗਿਆ ਹੈ ।

ਬਿਆਨਕਰਤਾ

Scanned with OKEN Scanner